- 🕮 ਕਵਿਤਾ ਦਾ ਅਰਥ ਤੇ ਪਰਿਭਾਸ਼ਾ
- 🕮 ਕਵਿਤਾ ਦੇ ਤੱਤ

## ਕਵਿਤਾ ਦਾ ਅਰਥ ਤੇ ਪਰਿਭਾਸ਼ਾ

ਵਿਸ਼ਵ ਭਰ ਦੇ ਸਾਹਿਤ ਨੂੰ ਵਾਚਿਆ ਜਾਵੇ ਤਾਂ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਕਵਿਤਾ ਸਾਹਿਤ ਦਾ ਪ੍ਰਥਮ ਸਾਹਿਤ ਰੂਪ ਹੈ। ਦੁਨੀਆਂ ਦੀ ਹਰ ਭਾਸ਼ਾ ਵਿਚ ਕਵਿਤਾ ਪਹਿਲਾਂ ਜਨਮੀ ਤੇ ਵਾਰਤਕ ਬਾਅਦ ਵਿਚ ਹੋਂਦ ਵਿਚ ਆਈ। ਕਵਿਤਾ ਦਿਲ ਦੀ ਬੋਲੀ ਹੈ ਜਦਕਿ ਵਾਰਤਕ ਦਿਮਾਗ ਦੀ ਬੋਲੀ ਹੈ। ਕਵਿਤਾ ਮਨੁੱਖੀ ਹਿਰਦਿਆਂ ਦੇ ਵਲਵਲਿਆਂ ਦੀ ਸੁਰਜਮਈ ਤਰਜਮਾਨੀ ਕਰਦੀ ਹੈ। ਕਵਿਤਾ ਆਪ-ਮੁਹਾਰੇ ਦਿਲੀ ਭਾਵਾਂ ਦਾ ਪ੍ਰਗਟਾਅ ਹੈ ਅਤੇ ਇਸਦਾ ਮੁੱਢਲਾ ਸਰੂਪ ਲੋਕ-ਕਾਵਿ ਦਾ ਹੈ। ਕਵਿਤਾ ਇਕ ਅਜਿਹੀ ਸ਼ਬਦ-ਰਚਨਾ ਹੈ ਜੋ ਸੁਹਿਰਦ ਮਨੁੱਖੀ ਜਜ਼ਬਿਆਂ (ਭਾਵਨਾਵਾਂ) ਦਾ ਪ੍ਰਗਟਾਅ ਲੈਅਬੱਧ ਰੂਪ ਵਿਚ ਕਰਦੀ ਹੈ ਅਤੇ ਕਲਪਨਾ ਦੀ ਸਹਾਇਤਾ ਨਾਲ ਆਨੰਦ ਅਤੇ ਸਚਾਈ ਨੂੰ ਪ੍ਰਤੱਖ ਪੱਧਰ ਤੇ ਸਾਕਾਰ ਕੀਤਾ ਜਾਂਦਾ ਹੈ। ਗੱਲ ਕੀ, ਕਵਿਤਾ ਵਿਚ ਜਜ਼ਬੇ, ਕਲਪਨਾ, ਲੈਅ, ਖਿਆਲ ਆਦਿ ਦਾ ਸੁਮੇਲ ਹੁੰਦਾ ਹੈ। ਕਵਿਤਾ ਵਿਚ ਮਨੁੱਖੀ ਜਜ਼ਬੇ ਸ਼ਬਦਾਂ ਦਾ ਪਹਿਰਾਵਾ ਪਹਿਨ ਕੇ ਸੁਰ-ਤਾਲ ਵਿਚ ਗੂੰਜਣ ਲੱਗ ਪੈਂਦੇ ਹਨ। ਮਨੁੱਖੀ ਮਨ ਦੀਆਂ ਖੁਸ਼ੀਆਂ ਗਮੀਆਂ ਦੇ ਤਿੱਖੇ ਵਲਵਲੇ ਜਦੋਂ ਬੇਕਾਬੂ ਹੋ ਜਾਂਦੇ ਹਨ ਉਹ ਬੋਲੀ ਦੀਆਂ ਧੁਨੀਆਂ ਵਿਚ ਉਛਲ ਪੈਂਦੇ ਹਨ ਅਤੇ ਇਹ ਉਛਾਲ ਕਵਿਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਕਵਿਤਾ ਨੂੰ **ਪਰਿਭਾਸ਼ਿਤ** ਕਰਨ ਲਈ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ ਹਨ :-



Scanned with CamScanner

**ਪੱਛਮੀ ਕਵੀ ਵਰਡਜ਼ਵਰਥ** (Wordsworth) ਅਨੁਸਾਰ, "ਕਵਿਤਾ ਸ਼ਕਤੀਸ਼ਾਲੀ ਭਾਵਾਂ ਦਾ ਆਪ-ਮੁਹਾਰਾ ਪ੍ਰਵਾਹ ਹੈ।" (Poetry is a spontaneous overflow of powerful feelings.)

**ਮੈਥਿਊ ਆਰਨਾਲਡ** ਅਨੁਸਾਰ, "ਕਵਿਤਾ ਜੀਵਨ ਦੀ ਪੜਚੋਲ ਹੈ।" ("Poetry is at bottom a criticism of life.")

ਪੰਜਾਬ ਦੇ ਛੇਵੇਂ ਕਾਵਿ-ਦਰਿਆ **ਪ੍ਰੋ. ਪੂਰਨ ਸਿੰਘ** ਦੇ ਸ਼ਬਦਾਂ ਵਿਚ, "ਕਵਿਤਾ ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਹਨ।"

ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ **ਭਾਈ ਵੀਰ ਸਿੰਘ** ਅਨੁਸਾਰ, "ਕਵਿਤਾ ਦੀ ਸੁੰਦਰਤਾਈ ਉੱਚੇ ਨਛੱਤਰੀ ਵਾਸ ਦੀ।"

ਭਾਵ ਕਵਿਤਾ ਕੋਈ ਫ਼ਰਸਾ ਚੀਜ਼ ਨਹੀਂ ਸਗੋਂ ਉੱਚ ਨਛੱਤਰੀ ਵੱਸਣ ਵਾਲੀ ਦੇਵੀ ਹੈ।

**ਸ਼ੈਲੇ** (Shelley) ਅਨੁਸਾਰ, "ਕਵਿਤਾ ਉੱਤਮ ਅਤੇ ਖੁਸ਼ ਮਨ ਦੇ ਉੱਤਮ ਪਲਾਂ ਦਾ ਰਿਕਾਰਡ ਹੁੰਦੀ ਹੈ।"

**ਕਾਲਰਿਜ** ਦੇ ਅਨੁਸਾਰ, "ਕਵਿਤਾ ਉੱਤਮ ਸ਼ਬਦਾਂ ਦਾ ਉੱਤਮ ਕ੍ਰਮ ਹੈ।"

**ਹਡਸਨ** ਦੇ ਅਨੁਸਾਰ, "ਕਵਿਤਾ ਕਲਪਨਾ ਤੇ ਮਨੋਵੇਗਾਂ ਦੁਆਰਾ ਜੀਵਨ ਦੀ ਵਿਆਖਿਆ ਹੈ।"

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਸਪੱਸ਼ਟ ਹੁੰਦਾ ਹੈ ਕਿ ਕਵਿਤਾ ਦਾ ਸੰਬੰਧ ਜਿੰਨਾ ਮਨੁੱਖੀ ਹਿਰਦੇ ਨਾਲ ਹੈ ਉੱਨਾਂ ਮਨੁੱਖੀ ਦਿਮਾਗ ਨਾਲ ਨਹੀਂ। ਕਵਿਤਾ ਉਹ ਵਸਤੂ ਹੈ ਜਿਸ ਵਿਚ ਕਵੀ ਆਪਣੀ ਧੁਰ-ਆਤਮਾ ਵਿਚ ਉਤਰ ਕੇ ਵਿਚਾਰਾਂ ਤੇ ਭਾਵਾਂ ਨੂੰ ਪ੍ਰਗਟ ਕਰਦਾ ਹੈ। ਕਵਿਤਾ ਮਨੁੱਖ ਦੇ ਸੂਖਮ ਭਾਵਾਂ ਦਾ ਸੰਗੀਤਕ ਰੂਪ ਵਿਚ ਕਲਾਤਮਕ ਢੰਗ ਨਾਲ ਕੀਤਾ ਗਿਆ ਪ੍ਰਗਟਾਅ ਹੈ। ਇਹ ਮਨੁੱਖ ਦੇ ਧੁਰ-ਅੰਦਰ ਦਾ ਬੇਰੋਕ ਉਛਾਲਾ ਹੈ ਜੋ ਆਪ-ਮੁਹਾਰੇ ਬਾਹਰ ਵੱਲ ਵਹਿੰਦਾ ਹੈ।

## ਕਵਿਤਾ ਦੇ ਤੱਤ

ਕਵਿਤਾ ਦੀ ਰਚਨਾ ਕਰਦੇ ਸਮੇਂ ਕਿਹੜੀਆਂ-ਕਿਹੜੀਆਂ ਜੁਗਤਾਂ ਨੂੰ ਧਿਆਨ ਵਿਚ ਰੱਖਣਾ ਹੈ? ਭਾਵ ਕਵਿਤਾ ਵਿਚ ਕਿਹੜੇ-ਕਿਹੜੇ ਤੱਤ ਹੁੰਦੇ ਹਨ? ਇਸ

Scanned with CamScanner

ਪ੍ਰਸ਼ਨ ਦਾ ਉੱਤਰ ਵੀ ਵੱਖ-ਵੱਖ ਵਿਦਵਾਨਾਂ ਨੇ ਆਪਣੇ ਢੰਗ ਨਾਲ ਦਿੱਤਾ ਹੈ। ਕੋਈ ਕਵਿਤਾ ਲਈ ਭਾਵ ਤੱਤ ਨੂੰ ਜ਼ਰੂਰੀ ਸਮਝਦਾ ਹੈ, ਕੋਈ ਕਲਪਨਾ ਤੱਤ ਨੂੰ ਕੋਈ ਬੁੱਧੀ ਤੱਤ ਨੂੰ ਅਤੇ ਕੋਈ ਭਾਵ, ਕਲਪਨਾ ਅਤੇ ਬੁੱਧੀ ਤਿੰਨਾਂ ਨੂੰ ਹੀ ਕਵਿਤਾ ਦੇ ਜ਼ਰੂਰੀ ਤੱਤ ਸਮਝਦਾ ਹੈ। ਕੁਝ ਲੋਕ ਕਵਿਤਾ ਦਾ ਮੂਲ ਤੱਤ ਸੰਗੀਤ, ਲੈਅ ਰਿਦਮ ਅਥਵਾ ਸੁਰ-ਤਾਲ ਨੂੰ ਮੰਨਦੇ ਹਨ ਅਤੇ ਕੁਝ ਛੰਦ ਬੱਧ ਹੋਣ ਤੇ ਜ਼ੋਰ ਦਿੰਦੇ ਹਨ।

ਪੂਰਬੀ ਸਾਹਿਤ ਆਚਾਰੀਆਂ ਨੇ ਕਵਿਤਾ ਦੇ ਤੱਤਾਂ ਤੇ ਵਿਚਾਰ ਕਰਦੇ ਹੋਏ ਰਸ, ਅਲੰਕਾਰ, ਭਾਵ, ਕਲਪਨਾ ਬੁੱਧੀ ਰੀਤੀ, ਧੁਨੀ, ਵਿਕਰੋਤੀ ਆਦਿ ਸਿਧਾਂਤਾਂ ਦਾ ਸਹਾਰਾ ਲੈ ਕੇ ਕਵਿਤਾ ਦੇ ਮੂਲ ਤੱਤਾਂ ਦਾ ਵਿਵੇਚਨ ਕਰਨ ਦਾ ਯਤਨ ਕੀਤਾ ਹੈ। ਸਾਹਿਤ ਆਚਾਰੀਆਂ ਦੇ ਵਿਚਾਰ ਨੂੰ ਜੇਕਰ ਇਕ ਥਾਂ ਤੇ ਸੰਗ੍ਰਹਿ ਕਰਕੇ ਸਿੱਟਾ ਕੱਢਿਆ ਜਾਵੇ ਤਾਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਕਵਿਤਾ ਦੇ ਪ੍ਰਮੁੱਖ ਤੱਤ ਕਲਪਨਾ, ਭਾਵ, ਬੁੱਧੀ, ਸ਼ੈਲੀ, ਪ੍ਰਤੀਕ, ਅਲੰਕਾਰ, ਰਸ ਆਦਿ ਹਨ।

1. **ਕਲਪਨਾ**—ਕਲਪਨਾ ਤੋਂ ਭਾਵ ਹੈ ਮਨ ਘੜੰਤ ਗੱਲ। ਕਲਪਨਾ ਕਵਿਤਾ ਦਾ ਇਕ ਮਹੱਤਵਪੂਰਨ ਤੱਤ ਹੈ। ਪੱਛਮੀ ਵਿਦਵਾਨਾਂ ਨੇ ਕਲਪਨਾ ਨੂੰ ਕਵਿਤਾ ਦਾ ਹੀ ਨਹੀਂ ਸਗੋਂ ਸਮੁੱਚੇ ਸਾਹਿਤ ਦਾ ਇਕ ਉੱਤਮ ਤੱਤ ਮੰਨਿਆ ਹੈ। ਪਰ ਨਿਰੋਲ ਕਲਪ ਆਪਣੇ ਆਪ ਵਿਚ ਸਾਹਿਤ ਨਹੀਂ।

**ਸ਼ੇਕਸਪੀਅਰ** ਕਵਿਤਾ ਵਿਚ ਕਲਪਨਾ ਨੂੰ ਬਹੁਤ ਮਹਾਨਤਾ ਦਿੰਦਾ ਹੋਇਆ ਆਖਦਾ ਹੈ, "ਜਿਵੇਂ ਆਸ਼ਕ ਆਪਣੀ ਮਾਸ਼ੂਕ ਲਈ, ਪ੍ਰੇਮੀ ਆਪਣੀ ਪ੍ਰੇਮਿਕਾ ਲਈ ਖਿਆਲੀ ਵੜੇ ਪਕਾਉਂਦਾ ਹੈ, ਇਸ ਤਰ੍ਹਾਂ ਕਵੀ ਵਿਚ ਕਲਪਨਾ ਦਾ ਹੋਣਾ ਜ਼ਰੂਰੀ ਹੈ।

**ਕਾਲਰਿਜ** ਤਾਂ ਇੱਥੋਂ ਤੱਕ ਮੰਨਦਾ ਹੈ ਕਿ ਕਲਪਨਾ ਕੀਤੀ ਨਹੀਂ ਜਾਂਦੀ ਸਗੋਂ ਇਹ ਤਾਂ ਆਪ-ਮੁਹਾਰੀ ਹੀ ਕੰਮ ਕਰਦੀ ਰਹਿੰਦੀ ਹੈ। ਅਸੀਂ ਕਲਪਨਾ ਨੂੰ ਕਲਪਨਾ ਲਈ ਮਨ ਤੇ ਭਾਰ ਨਹੀਂ ਪਾ ਸਕਦੇ।

ਅਸਲ ਵਿਚ ਕਲਪਨਾ ਕਵੀ ਦੀ ਕਵਿਤਾ ਪਿੱਛੇ ਪ੍ਰੇਰਨਾ ਸ਼ਕਤੀ ਹੈ। ਕਲਪਨਾ ਰਾਹੀਂ ਕਵੀ ਅਣਦੇਖੇ ਅਤੇ ਅਣਜਾਣੇ ਦ੍ਰਿਸ਼ਾਂ ਅਤੇ ਵਸਤੂਆਂ ਨੂੰ ਸਾਡੇ ਸਾਹਮਣੇ

Scanned with CamScanner

ਇਸ ਤਰ੍ਹਾਂ ਚਿਤਵਦਾ ਹੈ ਕਿ ਉਹ ਵਾਸਤਵ ਵਿਚ ਦੇਖੇ-ਭਾਲੇ ਲੱਗਦੇ ਹਨ। ਇਸ ਤਰ੍ਹਾਂ ਕਵਿਤਾ ਵਿਚ ਕਲਪਨਾ ਇਕ ਮੁੱਢਲਾ ਤੇ ਬੁਨਿਆਦੀ ਤੱਤ ਹੈ। ਇਹ ਆਪਣੇ ਭਿੰਨ-ਭਿੰਨ ਰੂਪਾਂ ਵਿਚ ਕਵਿਤਾ ਵਿਚ ਵਿਚਰਦਾ ਰਹਿੰਦਾ ਹੈ। ਕਲਪਨਾ ਤੋਂ ਬਿਨਾਂ ਸਾਹਿਤ ਵਿਚ ਭਾਵ ਜਾਂ ਬੁੱਧੀ ਦਾ ਪ੍ਰਵੇਸ਼ ਨਹੀਂ ਹੋ ਸਕਦਾ।

2. **ਭਾਵ ਜਾਂ ਜਜ਼ਬਾ**—ਕਵਿਤਾ ਦਿਲ ਦੀ ਬੋਲੀ ਹੈ। ਇਹ ਮਨੁੱਖੀ ਵਲਵਲਿਆਂ ਦਾ ਆਪ-ਮੁਹਾਰਾ ਪ੍ਰਗਟਾਅ ਹੈ। ਇਹ ਮਨੁੱਖੀ ਭਾਵਨਾਵਾਂ ਨੂੰ ਸਕਾਰ ਕਰਨ ਦਾ ਮਹੱਤਵਪੂਰਨ ਤੇ ਇਕੋ-ਇਕ ਸੁਹਿਰਦ ਮਾਧਿਅਮ ਹੈ। ਇਸ ਲਈ ਭਾਵ ਕਵਿਤਾ ਦਾ ਮਹੱਤਵਪੂਰਨ ਸਾਧਨ ਹਨ। ਜਿਹੜੀ ਕਵਿਤਾ ਭਾਵ ਪੱਖ ਤੋਂ ਕਮਜ਼ੋਰ ਹੋਵੇਗੀ ਉਹ ਮਹਾਨ ਕਵਿਤਾ ਨਹੀਂ ਬਣ ਸਕਦੀ। ਮਨੁੱਖੀ ਦਿਲ ਜਜ਼ਬਿਆਂ ਤੇ ਭਾਵਾਂ ਨਾਲ ਭਰਪੂਰ ਹੁੰਦਾ ਹੈ। ਇਸ ਵਿਚ ਵਿਭਿੰਨ ਤਰ੍ਹਾਂ ਦੇ ਭਾਵ ਜਿਵੇਂ:— ਪਿਆਰ, ਡਰ, ਤਰਸ, ਖੁਸ਼ੀ, ਗਮੀ ਆਦਿ ਪੈਦਾ ਹੁੰਦੇ ਰਹਿੰਦੇ ਹਨ। ਭਾਵਾਂ ਦੀ ਹੋਂਦ, ਭਾਵਾਂ ਦਾ ਢੁਕਵਾਂ ਪ੍ਰਗਟਾਅ, ਭਾਵਾਂ ਦੀ ਏਕਤਾ ਆਦਿ ਉੱਚ ਕੋਟੀ ਦੀ ਕਵਿਤਾ ਦੇ ਲੱਛਣ ਹਨ। ਭਾਰਤੀ ਸਾਹਿਤ-ਅਚਾਰੀਆਂ ਨੇ ਭਾਵਾਂ ਦੀਆਂ ਨੌਂ ਕਿਸਮਾਂ ਮੰਨੀਆਂ ਹਨ। ਇਹਨਾਂ ਸਥਾਈ ਭਾਵਾਂ ਨੂੰ ਇਹਨਾਂ ਵਿਦਵਾਨਾਂ ਨੇ 'ਰਸ' ਦਾ ਨਾਮ ਦਿੱਤਾ ਹੈ। ਮਨੁੱਖੀ ਮਨ ਅੰਦਰ ਬਹੁਤ ਸਾਰੇ ਸੂਖਮ ਮਨੋਭਾਵ ਹੁੰਦੇ ਹਨ। ਇਹ ਸਥਾਈ ਮਨੋਭਾਵ ਪ੍ਰਬਲ ਹੋ ਕੇ ਸਭ ਲਈ ਸਾਂਝੇ ਬਣ ਜਾਂਦੇ ਹਨ ਅਤੇ ਰਸ ਦਾ ਰੂਪ ਧਾਰਨ ਕਰ ਲੈਂਦੇ ਹਨ।

3. **ਬੁੱਧੀ ਤੱਤ**—ਭਾਵੇਂ ਕਵਿਤਾ ਵਿਚ ਭਾਵਾਂ ਨੂੰ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ ਪਰ ਆਧੁਨਿਕ ਯੁੱਗ ਦੀ ਕਵਿਤਾ ਵਿਚ ਬੌਧਿਕਤਾ ਦਾ ਅੰਸ਼ ਵੀ ਕਵਿਤਾ ਦਾ ਮਹੱਤਵਪੂਰਨ ਅੰਗ ਸਵੀਕਾਰ ਕੀਤਾ ਗਿਆ ਹੈ। ਸਾਹਿਤ ਦਾ ਵਿਵੇਚਨ ਕਰਦਿਆਂ ਇਸ ਨੂੰ ਦੋ ਪ੍ਰਕਾਰਾਂ ਵਿਚ ਵੰਡਿਆ ਜਾਂਦਾ ਹੈ-(1) ਗਿਆਨ ਸਾਹਿਤ, (2) ਸਿਰਨਾਤਮਿਕ ਸਾਹਿਤ। ਕਵਿਤਾ ਦਾ ਸੰਬੰਧ ਸਿਰਜਨਾਤਮਿਕ ਸਾਹਿਤ ਨਾਲ ਹੈ ਤੇ ਸਿਰਜਨਾਤਮਿਕ ਸਾਹਿਤ ਨਿਰੋਲ ਭਾਵੁਕ ਨਹੀਂ ਹੁੰਦਾ ਤੇ ਨਾ ਹੀ ਨਿਰੋਲ ਕਾਲਪਨਿਕ। ਇਸ ਵਿਚ ਕੋਈ ਨਾ ਕੋਈ ਵਿਚਾਰ ਜ਼ਰੂਰ ਹੋਣਾ ਚਾਹੀਦਾ ਹੈ। ਵਿਚਾਰਾਂ ਤੋਂ ਸੱਖਣੀ ਕਵਿਤਾ ਸਾਰਥਿਕ ਨਹੀਂ ਹੋ ਸਕਦੀ। ਕਵੀ ਆਪਣੇ ਭਾਵਾਂ

Scanned with CamScanner

ਅਤੇ ਵਿਚਾਰਾਂ ਨੂੰ ਬੁੱਧੀ ਅਨੁਸਾਰ ਢਾਲ ਕੇ ਕਵਿਤਾ ਦੀ ਰਚਨਾ ਕਰਦਾ ਹੈ। ਕਾਲਰਿਜ ਦਾ ਮੰਨਣਾ ਹੈ ਕਿ ਕੋਈ ਵੀ ਕਵੀ ਉਦੋਂ ਤੱਕ ਚੰਗਾ ਵਿਦਵਾਨ ਨਹੀਂ ਬਣ ਸਕਦਾ ਜਦੋਂ ਤੱਕ ਉਹ ਪੂਰਾ ਵਿਚਾਰਵਾਨ ਫਿਲਾਸਫਰ ਨਹੀਂ ਹੈ।

4. **ਕਾਵਿ-ਭਾਸ਼ਾ**—ਕਵਿਤਾ ਦਾ ਅਧਿਐਨ ਭਾਵੇਂ ਕਿਸੇ ਵੀ ਦ੍ਰਿਸ਼ਟੀ ਤੋਂ ਕੀਤਾ ਜਾਵੇ ਹਰ ਹਾਲਤ ਵਿਚ ਭਾਸ਼ਾ ਤੱਤ ਦੀ ਮਹਾਨਤਾ ਸਭ ਤੋਂ ਵਧੇਰੇ ਹੁੰਦੀ ਹੈ। ਕਿਸੇ ਵੀ ਕਵੀ ਦੀ ਕਵਿਤਾ ਲਈ ਭਾਸ਼ਾ ਕੱਚਾ ਮਸਾਲਾ ਹੁੰਦੀ ਹੈ। ਕਵਿਤਾ ਦੀ ਭਾਸ਼ਾ ਸਾਧਾਰਨ ਭਾਸ਼ਾ ਤੋਂ ਭਿੰਨ ਹੁੰਦੀ ਹੈ। ਕਾਵਿ-ਵਿਧੀਆਂ ਭਾਸ਼ਾ ਦੁਆਰਾ ਹੀ ਸਾਕਾਰ ਹੁੰਦੀਆਂ ਹਨ। ਸੰਰਚਨਾਵਾਦੀ ਆਲੋਚਕਾਂ ਅਤੇ ਮਾਰਕਸਵਾਦੀ ਚਿੰਤਕਾਂ ਨੇ ਵੀ ਭਾਸ਼ਾ ਤੱਤ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਹੈ। ਕਵਿਤਾ ਦੀ ਭਾਸ਼ਾ ਸੁਝਾਊ ਹੋਣੀ ਚਾਹੀਦੀ ਹੈ ਜੋ ਸ਼ਬਦਾਂ ਵਿਚ ਲੁਕੇ ਹੋਏ ਕਈ ਅਰਥਾਂ ਨੂੰ ਰੂਪਮਾਨ ਕਰਦੀ ਹੈ। ਭਾਸ਼ਾ ਕਵਿਤਾ ਵਿਚ ਸੁਹਜਮਈ ਰੂਪ ਵਿਚ ਵਰਤੀ ਜਾਣੀ ਚਾਹੀਦੀ ਹੈ। ਭਾਸ਼ਾ ਦੇ ਸ਼ਬਦ ਭੰਡਾਰਾਂ ਦੀ ਅਣਹੋਂਦ ਕਾਰਨ ਕਵੀ ਵਧੀਆ ਕਵਿਤਾ ਨਹੀਂ ਸਿਰਜ ਸਕਦਾ। ਕਵਿਤਾ ਵਿਚ ਸ਼ਬਦ ਅਜਿਹੇ ਹੋਣ ਜੋ ਵਿਸ਼ੇ ਨੂੰ ਸਪੱਸ਼ਟ ਕਰਦੇ ਹੋਣ। ਕਵਿਤਾ ਦੀ ਭਾਸ਼ਾ ਦਾ ਇਕ-ਇਕ ਸ਼ਬਦ ਸਾਰਥਕ ਤੇ ਮਤਲਬ ਭਰਪੂਰ ਹੋਣਾ ਚਾਹੀਦਾ ਹੈ। ਅਲੰਕਾਰ ਭਾਸ਼ਾ ਵਿਚ ਚਮਤਕਾਰ ਪੈਦਾ ਕਰਦੇ ਹਨ।

5. **ਰਸ**—ਕਵਿਤਾ ਵਿਚਲੇ ਸਥਾਈ ਭਾਵਾਂ ਨੂੰ ਸਾਹਿਤ ਆਚਾਰੀਆਂ ਨੇ 'ਰਸ' ਦਾ ਨਾਂ ਦਿੱਤਾ ਹੈ। ਇਨ੍ਹਾਂ ਵਿਦਵਾਨਾਂ ਅਨੁਸਾਰ "ਕਾਵਿ ਦੀ ਆਤਮਾ ਰਸ ਹੈ।" ਇਸ ਦਾ ਭਾਵ ਇਹ ਹੋਇਆ ਕਿ 'ਰਸ' ਵੀ ਕਵਿਤਾ ਦਾ ਇਕ ਪ੍ਰਧਾਨ ਤੱਤ ਹੈ। ਪਰ 'ਰਸ' 'ਸਥਾਈ ਭਾਵ' ਦਾ ਬਦਲਿਆ ਹੋਇਆ ਅਤੇ ਬਹੁ-ਪੱਖੀ ਵਿਸਥਾਰ ਰੂਪ ਹੈ। ਕਵਿਤਾ ਵਿਚ ਰਸ ਦਾ ਬਹੁਤ ਉੱਚਾ ਸਥਾਨ ਹੈ। 'ਰਸ' ਦਾ ਭਾਵ ਹੈ—'ਸੁਆਦ'। ਕਵਿਤਾ ਨੇ ਰਸੀਲੀ ਬਣਨਾ ਹੈ ਤਾਂ ਉਸ ਵਿਚ ਰਸ ਜ਼ਰੂਰ ਹੋਣਾ ਚਾਹੀਦਾ ਹੈ। ਸਾਹਿਤਕ ਰਸ ਦਾ ਸੰਬੰਧ ਸਾਡੇ ਮਨਾਂ ਨਾਲ ਹੁੰਦਾ ਹੈ। ਸਾਡੇ ਮਨਾਂ ਅੰਦਰਲੇ ਜਜ਼ਬੇ ਸੁਸਤ ਅਵਸਥਾ ਵਿਚ ਹੁੰਦੇ ਹਨ ਪਰ ਜਦੋਂ ਇਹ ਕਵਿਤਾ ਦੇ ਰੂਪ ਵਿਚ ਪੜ੍ਹਨ-ਸੁਣਨ ਨੂੰ ਮਿਲਦੇ ਹਨ ਤਾਂ ਇਹ ਸਾਡੇ ਜਜ਼ਬਿਆਂ ਨੂੰ ਉਤੇਜਿਤ ਕਰਦੇ ਹਨ ਤੇ ਸਾਡੇ ਮਨਾਂ ਤੇ ਛਾ ਜਾਂਦੇ ਹਨ। ਇਸੇ ਲਈ ਰਸ ਨੂੰ ਕਵਿਤਾ ਦੀ ਜਾਨ ਮੰਨਿਆ ਜਾਂਦਾ ਹੈ।

Scanned with CamScanner

ਰਸਾਂ ਦੀ ਗਿਣਤੀ ਪ੍ਰਮੁੱਖ ਰੂਪ ਵਿਚ ਨੌਂ ਹੈ :—(1) ਕਰੁਣਾ ਰਸ (2) ਸ਼ਿੰਗਾਰ ਰਸ (3) ਹਾਸ ਰਸ (4) ਬੀਰ ਰਸ (5) ਰੌਦਰ ਰਸ (6) ਅਦਭੁੱਤ ਰਸ (7) ਭਿਆਨਕ ਰਸ (8) ਵੀਭਤਮ ਰਸ (9) ਸ਼ਾਤ ਰਸ।

ਹਰ ਇਕ ਰਸ ਨਾਲ ਇਕ ਸਥਾਈ ਭਾਵ ਜੁੜਿਆ ਹੋਇਆ ਹੈ। ਇਹ ਸਥਾਈ ਭਾਵ ਹਨ ਸ਼ੋਕ, ਪ੍ਰੇਮ, ਉਤਸ਼ਾਹ, ਕ੍ਰੋਧ, ਖੁਸ਼ੀ, ਘ੍ਰਿਣਾ, ਵੈਰਾਗ, ਹੈਰਾਨੀ ਆਦਿ।

6. **ਪ੍ਰਤੀਕ**—ਪ੍ਰਤੀਕ ਕਵਿਤਾ ਦੀ ਜਿੰਦ-ਜਾਨ ਹੁੰਦੇ ਹਨ। ਉਹ ਕਾਵਿ ਚਿੰਨ੍ਹ ਜੋ ਘਸ-ਘਸ ਕੇ ਲੋਕ ਮਨਾਂ ਵਿਚ ਹਰਮਨ-ਪਿਆਰੇ ਹੋ ਜਾਂਦੇ ਹਨ ਜਾਂ ਲੋਕ ਮਨਾਂ ਵਿਚ ਆਪਣਾ ਅਕਸ ਛੱਡ ਚੁੱਕੇ ਹੁੰਦੇ ਹਨ, ਪ੍ਰਤੀਕ ਅਖਵਾਉਂਦੇ ਹਨ। ਜਿਵੇਂ ਗੰਗਾ ਪਵਿੱਤਰਤਾ ਦਾ ਪ੍ਰਤੀਕ ਹੈ, ਸ਼ੇਰ ਬਹਾਦਰੀ ਦਾ, ਹੰਸ ਗੁਰਮੁੱਖ ਮਨੁੱਖ ਦਾ ਬਗਲਾ ਸਨਮੁੱਖ ਮਨੁੱਖ ਦਾ। **ਬਾਬਾ ਫ਼ਰੀਦ ਜੀ** ਨੇ ਆਪਣੀ ਕਵਿਤਾ ਵਿਚ ਪ੍ਰਤੀਕਾਂ ਦਾ ਪ੍ਰਯੋਗ ਬਹੁਤ ਵਧੀਆ ਢੰਗ ਨਾਲ ਕੀਤਾ ਹੈ। ਉਦਾਹਰਣ ਦੇ ਤੌਰ ਤੇ ਉਹਨਾਂ ਦੇ ਇਕ ਸ਼ਬਦ ਵਿਚ :—

"ਹੰਸਾਂ ਚੋਗ ਚੁਗਦਿਆਂ ਬੱਗਾ ਆਇਆ ਚਾਉ।

.............................................।

ਇਸ ਸ਼ਬਦ ਵਿਚ ਬਾਬਾ ਫਰੀਦ ਜੀ ਨੇ ਹੰਸ ਸ਼ਬਦ ਗੁਰਮੁੱਖ (ਪ੍ਰਮਾਤਮਾ ਨੂੰ ਪਿਆਰ ਕਰਨ ਵਾਲੇ) ਮਨੁੱਖ ਲਈ ਅਤੇ ਬੱਗਾ ਸ਼ਬਦ ਇਕ ਨਾਸਤਕ (ਸਨਮੁੱਖ) ਮਨੁੱਖ ਲਈ ਵਰਤੇ ਹਨ। **ਪ੍ਰੋ. ਮੋਹਨ ਸਿੰਘ** ਦੀ ਕਵਿਤਾ ਵਿਚ ਵੀ ਪ੍ਰਤੀਕ ਸਪੱਸ਼ਟ ਦਿਖਾਈ ਦਿੰਦੇ ਹਨ, ਜਿਵੇਂ :—

***"ਦੋ ਟੋਟਿਆਂ ਦੀ ਭੋ ਟੁੱਟੀ***
***ਇਕ ਮਹਿਲਾਂ ਦਾ ਇਕ ਢੋਕਾਂ ਦਾ।"***

ਇਸ ਕਾਵਿ-ਟੋਟੇ ਵਿਚ 'ਮਹਿਲ' ਅਤੇ 'ਢੋਕ' ਦੋ ਸ਼ਬਦ ਹਨ ਜੋ ਉਹ ਵਰਗ-ਵੰਡ ਲੋਕਾਂ ਲਈ ਵਰਤਦਾ ਹੈ। 'ਅਮੀਰ ਲੋਕਾਂ' ਲਈ 'ਮਹਿਲ' ਅਤੇ 'ਗਰੀਬ ਲੋਕਾਂ' ਲਈ 'ਢੋਕਾਂ' ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਇਸ ਪ੍ਰਕਾਰ ਪ੍ਰਤੀਕ ਕਵੀ ਦੀ ਕਵਿਤਾ ਵਿਚ ਨਿਖਾਰ ਲਿਆਉਂਦੇ ਹਨ।

7. **ਬਿੰਬ**—ਕਵਿਤਾ ਵਿਚ ਬਿੰਬ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਇਸ ਤੱਤ

Scanned with CamScanner

ਨਾਲ ਹੀ ਕਵਿਤਾ ਵਿਚ ਡੂੰਘਾਈ ਅਤੇ ਗੰਭੀਰਤਾ ਦਾ ਵਾਤਾਵਰਨ ਉਪਜਦਾ ਹੈ। ਇਸ ਮਾਧਿਅਮ ਦੁਆਰਾ ਹੀ 'ਗਾਗਰ ਵਿਚ ਸਾਗਰ' ਬੰਦ ਕੀਤਾ ਜਾ ਸਕਦਾ ਹੈ। ਬਿੰਬ ਕਵਿਤਾ ਵਿਚ ਸ਼ਬਦਾਂ ਦੁਆਰਾ ਬਣਾਏ ਗਏ ਚਿੱਤਰ ਹਨ। ਕਵੀ ਆਪਣੀ ਕਵਿਤਾ ਵਿਚ ਬੋਲੀ ਤੇ ਸ਼ਬਦਾਂ ਦੇ ਮਾਧਿਅਮ ਨਾਲ ਕਿਸੇ ਵਸਤੂ ਦਾ ਇਸ ਤਰ੍ਹਾਂ ਵਰਣਨ ਕਰਦਾ ਹੈ ਕਿ ਪਾਠਕ ਦੇ ਦਿਮਾਗ ਵਿਚ ਉਸ ਵਸਤੂ ਦੀ ਤਸਵੀਰ ਜਿਹੀ ਉੱਭਰ ਜਾਂਦੀ ਹੈ। ਇਹੀ ਉੱਭਰੀ ਹੋਈ ਤਸਵੀਰ ਬਿੰਬ ਹੈ। ਬਿੰਬ ਕਈ ਤਰ੍ਹਾਂ ਦੇ ਹੁੰਦੇ ਹਨ :—ਰੂਪ ਬਿੰਬ, ਨਾਦ ਬਿੰਬ, ਸਪਰਸ਼ ਬਿੰਬ ਆਦਿ। ਬਾਬਾ ਫਰੀਦ ਜੀ ਦੇ ਸ਼ਲੋਕਾਂ ਵਿਚ ਬਿੰਬ ਸਪੱਸ਼ਟ ਦਿਖਾਈ ਦਿੰਦੇ ਹਨ :-

"ਫਰੀਦਾ ਖਾਕਿ ਨਾ ਨਿੰਦੀਐ ਖਾਕੂ ਜੇਡ ਨਾ ਕੋਇ॥
ਜੀਵੰਦਿਆਂ ਪੈਰਾਂ ਤਲੇ ਮੋਇਆ ਉਪਰ ਹੋਇ॥

ਬਿੰਬ ਕਵਿਤਾ ਦਾ ਅਜਿਹਾ ਤੱਤ ਹੈ ਜਿਸਦੀ ਸਹਾਇਤਾ ਨਾਲ ਕਵਿਤਾ ਨੂੰ ਸਜੀਵ ਰੂਪ ਪ੍ਰਦਾਨ ਕੀਤਾ ਜਾਂਦਾ ਹੈ। ਮਹਾਨ ਕਵੀ ਆਮ ਤੌਰ ਤੇ ਆਪਣੀ ਗੱਲ ਨੂੰ ਬਿੰਬਾਂ ਰਾਹੀਂ ਹੀ ਸਮਝਾਉਂਦੇ ਹਨ।

8. **ਅਲੰਕਾਰ**—ਭਾਰਤੀ ਕਾਵਿ-ਸ਼ਾਸਤਰੀਆਂ ਨੇ ਅਲੰਕਾਰ ਨੂੰ ਕਵਿਤਾ ਦਾ ਗਹਿਣਾ ਮੰਨਿਆ ਹੈ। ਜਿਸ ਤਰ੍ਹਾਂ ਔਰਤ ਆਪਣੇ ਸ਼ਿੰਗਾਰ ਲਈ ਗਹਿਣਿਆਂ ਦੀ ਵਰਤੋਂ ਕਰਦੀ ਹੈ ; ਉਸੇ ਤਰ੍ਹਾਂ ਕਵਿਤਾ ਨੂੰ ਸ਼ਿੰਗਾਰਨ ਲਈ ਕਵੀ ਅਲੰਕਾਰਾਂ ਦੀ ਵਰਤੋਂ ਕਰਦਾ ਹੈ। ਕਵਿਤਾ ਵਿਚ ਸੁਹਜ ਪੈਦਾ ਕਰਨ ਲਈ ਇਹ ਇਕ ਤਰ੍ਹਾਂ ਦੀ ਸਜਾਵਟੀ ਜੁਗਤ ਹੈ। ਆਪਣੀ ਕਵਿਤਾ ਨੂੰ ਸੁਹਜ ਤੇ ਸੁੰਦਰਤਾ ਭਰਪੂਰ ਬਣਾਉਣ ਲਈ ਕਵੀ ਅਲੰਕਾਰਾਂ ਦੀ ਜੁਗਤ ਦਾ ਪ੍ਰਯੋਗ ਕਰਦਾ ਹੈ। ਅਲੰਕਾਰਾਂ ਦੀਆਂ ਕਈ ਕਿਸਮਾਂ ਹਨ ਜਿਵੇਂ :—ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ ਆਦਿ। ਮੁੱਖ ਤੌਰ ਤੇ ਅਲੰਕਾਰ ਦੇ ਤਿੰਨ ਭੇਦ ਹਨ : (1) ਸ਼ਬਦ ਅਲੰਕਾਰ (2) ਅਰਥ ਅਲੰਕਾਰ (3) ਸ਼ਬਦਾਰਥ ਅਲੰਕਾਰ। ਇਹਨਾਂ ਤਿੰਨ ਭੇਦਾਂ ਵਿਚੋਂ ਹੀ ਅਲੰਕਾਰਾਂ ਦੀਆਂ ਹੋਰ ਕਿਸਮਾਂ ਪੈਦਾ ਹੁੰਦੀਆਂ ਹਨ।

ਉਪਮਾ ਅਲੰਕਾਰ ਦੀ ਉਦਾਹਰਨ :—

"ਸੋਹਣੀ ਉੱਤੇ ਰੱਬ ਨੇ ਦਿੱਤਾ ਏਡਾ ਹੁਸਨ
ਬੁਰਕੇ ਵਿਚੋਂ ਦਿਸਦੀ ਜਿਉਂ ਬਦਲ ਵਿਚ ਚੰਨ।"

Scanned with CamScanner

9. **ਛੰਦ**—ਕਵਿਤਾ ਵਿਚ ਛੰਦਾਂ ਦਾ ਵੀ ਆਪਣੀ ਕਿਸਮ ਦਾ ਹੀ ਵਿਲੱਖਣ ਅਤੇ ਮਹੱਤਵਪੂਰਨ ਸਥਾਨ ਹੁੰਦਾ ਹੈ। ਕਵਿਤਾ ਲਈ ਨਿਸ਼ਚਿਤ ਛੰਦ ਦਾ ਹੋਣਾ ਜ਼ਰੂਰੀ ਹੈ ਕਿ ਨਹੀਂ, ਇਸ ਸਮੱਸਿਆ ਬਾਰੇ ਵਿਦਵਾਨਾਂ ਵਿਚ ਮਤਭੇਦ ਪਾਇਆ ਜਾਂਦਾ ਹੈ। ਸਿਡਨੀ, ਸ਼ੈਲੇ, ਕਾਲਰਿਜ ਆਦਿ ਆਲੋਚਕਾਂ ਦਾ ਖਿਆਲ ਹੈ ਕਿ ਕਵਿਤਾ ਲਈ ਛੰਦ ਜ਼ਰੂਰੀ ਨਹੀਂ। ਪ੍ਰੋ. ਪੂਰਨ ਸਿੰਘ ਛੰਦਾਬੰਦੀ ਨੂੰ ਨੁਆਬੀ ਜੁੱਤੀ ਦੀ ਕੈਦ ਨਾਲ ਤਸਬੀਰ ਦਿੰਦੇ ਹਨ। ਪ੍ਰੰਤੂ ਛਾਂਟੇ, ਜਾਨਸਨ, ਲੀਵਸ, ਕਲਾਰਕ, ਵਰਡਜ਼ਵਰਥ ਆਦਿ ਵਿਦਵਾਨਾਂ ਦਾ ਮੰਨਣਾ ਹੈ ਕਿ ਛੰਦ ਤੋਂ ਬਿਨਾਂ ਵਧੀਆ ਕਵਿਤਾ ਨਹੀਂ ਰਚੀ ਜਾ ਸਕਦੀ। ਅੱਜ ਵੀ ਛੰਦ-ਮੁਕਤ ਕਵਿਤਾ ਵਿਚ ਲੈਅ ਤੇ ਸੰਗੀਤ ਦੇ ਮਹੱਤਵ ਨੂੰ ਸਵੀਕਾਰ ਕੀਤਾ ਜਾਂਦਾ ਹੈ ਕਿਉਂਕਿ ਇਹੋ ਹੀ ਤੱਤ ਹੈ ਜੋ ਕਵਿਤਾ ਨੂੰ ਵਾਰਤਕ ਤੋਂ ਵੱਖ ਕਰਦਾ ਹੈ।

ਉਪਰੋਕਤ ਅਧਿਐਨ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉੱਪਰ ਦਿੱਤੇ ਸਾਰੇ ਤੱਤ ਰਲਕੇ ਇਕ ਵਧੀਆ ਕਵਿਤਾ ਦੀ ਸਿਰਜਨਾ ਕਰਦੇ ਹਨ। ਪ੍ਰੰਤੂ ਇਨ੍ਹਾ ਤੱਤਾਂ ਦੀ ਜਾਣਕਾਰੀ ਹਾਸਿਲ ਕਰ ਲੈਣ ਨਾਲ ਕੋਈ ਵੀ ਵਿਅਕਤੀ ਵਧੀਆ ਕਵੀ ਨਹੀਂ ਬਣ ਜਾਂਦਾ। ਇਸ ਲਈ ਕਵੀ ਦਾ ਆਪਣਾ ਅਨੁਭਵ ਅਤੇ ਵਸਤੂਆਂ ਨੂੰ ਸਮਝਣ ਦੀ ਸੰਜੀਦਗੀ ਵੀ ਅਤਿ ਜ਼ਰੂਰੀ ਹੈ। ਇਹ ਸਾਰੇ ਤੱਤ ਰਲਕੇ ਮਨੁੱਖੀ ਭਾਵਾਂ ਤੇ ਜਜ਼ਬਿਆਂ ਦੀ ਸੁਹਿਰਦਤਾ ਨਾਲ ਤਰਜਮਾਨੀ ਕਰਦੇ ਹੋਏ ਸ਼ਬਦ ਰਚਨਾ ਨੂੰ ਕਵਿਤਾ ਦਾ ਰੂਪ ਪ੍ਰਦਾਨ ਕਰਦੇ ਹਨ।

Scanned with CamScanner